ਮਿੱਠੇ ਬੱਚੇ:- "ਮਿੱਠੇ ਬੱਚੇ :- ਇਸ ਬੇਹੱਦ ਦੇ ਖੇਡ ਵਿੱਚ ਤੁਸੀਂ ਆਤਮਾ ਰੂਪੀ ਐਕਟਰ ਪਾਰ੍ਰਧਾਰੀ ਹੋ, ਤੁਹਾਡਾ ਨਿਵਾਸ ਸਥਾਨ ਹੈ - ਸਵੀਟ ਸਾਈਲੈਂਸ ਹੋਮ, ਜਿੱਥੇ ਹੁਣ ਜਾਣਾ ਹੈ"

ਪ੍ਰਸ਼ਨ:- ਜੋ ਡਰਾਮਾ ਦੇ ਖੇਡ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਉਨ੍ਹਾਂ ਦੇ ਮੁੱਖ ਵਿੱਚੋਂ ਕਿਹੜੇ ਸ਼ਬਦ ਨਹੀਂ ਨਿਕਲ ਸਕਦੇ ਹਨ?

ਉੱਤਰ:- ਇਹ ਇਵੇਂ ਨਹੀਂ ਹੁੰਦਾ ਸੀ ਤਾਂ ਇਵੇਂ ਹੁੰਦਾ... ਇਹ ਹੋਣਾ ਨਹੀਂ ਚਾਹੀਦਾ - ਅਜਿਹੇ ਸ਼ਬਦ ਡਰਾਮਾ ਦੇ ਖੇਡ ਨੂੰ ਜਾਣਨ ਵਾਲੇ ਨਹੀਂ ਕਹਿਣਗੇ। ਤੁਸੀਂ ਬੱਚੇ ਜਾਣਦੇ ਹੋ ਇਹ ਡਰਾਮੇ ਦਾ ਖੇਡ ਜੂੰ ਮਿਸਲ ਫਿਰਦਾ ਰਹਿੰਦਾ ਹੈ, ਜੋ ਕੁਝ ਹੁੰਦਾ ਹੈ ਸਭ ਡਰਾਮਾ ਵਿੱਚ ਨੂੰਧ ਹੈ, ਕੋਈ ਫਿਕਰ ਦੀ ਗੱਲ ਨਹੀਂ ਹੈ।

ਓਮ ਸ਼ਾਂਤੀ - ਬਾਪ ਜੱਦ ਆਪਣਾ ਪਰਿਚੈ ਬੱਚਿਆਂ ਨੂੰ ਦਿੰਦੇ ਹਨ ਤਾਂ ਬੱਚਿਆਂ ਨੂੰ ਆਪਣਾ ਪਰਿਚੈ ਵੀ ਮਿਲ ਜਾਂਦਾ ਹੈ। ਸਭ ਬੱਚੇ ਬਹੁਤ ਸਮੇਂ ਦੇਹ - ਅਭਿਮਾਨੀ ਹੋਕੇ ਰਹਿੰਦੇ ਹਨ। ਦੇਹੀ - ਅਭਿਮਾਨੀ ਹੋਣ ਤਾਂ ਬਾਪ ਦਾ ਯਥਾਰਥ ਪਰਿਚੈ ਹੋਵੇ। ਪਰ ਡਰਾਮਾ ਵਿੱਚ ਇਵੇਂ ਹੈ ਨਹੀਂ। ਭਾਵੇਂ ਕਹਿੰਦੇ ਵੀ ਹਨ ਰੱਬ ਗਾਡ ਫਾਦਰ ਹੈ, ਰਚਤਾ ਹੈ, ਪਰ ਜਾਣਦੇ ਨਹੀਂ ਹਨ। ਸ਼ਿਵਲਿੰਗ ਦਾ ਚਿੱਤਰ ਵੀ ਹੈ, ਪਰ ਇੰਨਾ ਵੱਡਾ ਤਾਂ ਉਹ ਹੈ ਨਹੀਂ। ਯਥਾਰਥ ਰੀਤੀ ਨਾ ਜਾਨਣ ਦੇ ਕਾਰਨ ਬਾਪ ਨੂੰ ਭੁੱਲ ਜਾਂਦੇ ਹਨ। ਬਾਪ ਹੈ ਵੀ ਰਚਤਾ, ਜ਼ਰੂਰ ਰਚਣਗੇ ਵੀ ਨਵੀਂ ਦੁਨੀਆਂ, ਤਾਂ ਜ਼ਰੂਰ ਅਸੀਂ ਬੱਚਿਆਂ ਦੀ ਨਵੀਂ ਦੁਨੀਆਂ ਦੀ ਰਾਜਧਾਨੀ ਦਾ ਵਰਸਾ ਹੋਣਾ ਚਾਹੀਦਾ ਹੈ। ਸ੍ਵਰਗ ਦਾ ਨਾਮ ਵੀ ਭਾਰਤ ਵਿੱਚ ਮਸ਼ਹੂਰ ਹੈ, ਪਰ ਸਮਝਦੇ ਕੁਝ ਵੀ ਨਹੀਂ। ਕਹਿੰਦੇ ਹਨ ਫਲਾਣਾ ਮਰਿਆ ਸ੍ਵਰਗ ਪਧਾਰਿਆ। ਹੁਣ ਇਵੇਂ ਕਦੀ ਹੁੰਦਾ ਹੈ ਕੀ। ਹੁਣ ਤੁਸੀਂ ਸਮਝਦੇ ਹੋ ਅਸੀਂ ਸਭ ਤੁੱਛ ਬੁੱਧੀ ਸੀ, ਨੰਬਰਵਾਰ ਤਾਂ ਕਹਿਣਗੇ ਨਾ। ਮੁੱਖ ਦੇ ਲਈ ਸਮਝਾਣੀ ਹੈ ਕਿ ਮੈਂ ਇਨ੍ਹਾਂ ਵਿੱਚ ਆਉਂਦਾ ਹਾਂ, ਬਹੁਤ ਜਨਮਾਂ ਵਾਲੇ ਅੰਤਿਮ ਸ਼ਰੀਰ ਵਿੱਚ। ਇਹ ਹੈ ਨੰਬਰਵਨ। ਬੱਚੇ ਸਮਝਦੇ ਹਨ ਹੁਣ ਅਸੀਂ ਉਨ੍ਹਾਂ ਦੇ ਬੱਚੇ ਬ੍ਰਾਹਮਣ ਬਣ ਗਏ ਹਾਂ। ਇਹ ਸਭ ਹੈ ਸਮਝ ਦੀਆਂ ਗੱਲਾਂ। ਬਾਪ ਇੰਨੇ ਸਮੇਂ ਤੋਂ ਸਮਝਾਉਂਦੇ ਹੀ ਰਹਿੰਦੇ ਹਨ। ਨਹੀਂ ਤਾਂ ਸੇਕੇਂਡ ਦੀ ਗੱਲ ਹੈ ਬਾਪ ਨੂੰ ਪਹਿਚਾਣਨਾ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋਗੇ ਤਾਂ ਤੁਹਾਡੇ ਵਿਕਰਮ ਵਿਨਾਸ਼ ਹੋਣਗੇ। ਨਿਸ਼ਚਾ ਹੋ ਗਿਆ ਫਿਰ ਕੋਈ ਵੀ ਗੱਲ ਵਿੱਚ ਪ੍ਰਸ਼ਨ ਆਦਿ ਉੱਠ ਨਹੀਂ ਸਕਦਾ। ਬਾਪ ਨੇ ਸਮਝਾਇਆ ਹੈ - ਤੁਸੀਂ ਪਾਵਨ ਸੀ ਜੱਦ ਸ਼ਾਂਤੀਧਾਮ ਵਿੱਚ ਸੀ। ਇਹ ਗੱਲਾਂ ਵੀ ਤੁਸੀਂ ਹੀ ਬਾਪ ਦੁਆਰਾ ਸੁਣਦੇ ਹੋ। ਦੂਜਾ ਕੋਈ ਸੁਣਾ ਨਾ ਸਕੇ। ਤੁਸੀਂ ਜਾਣਦੇ ਹੋ ਅਸੀਂ ਆਤਮਾਵਾਂ ਕਿੱਥੇ ਦੀ ਰਹਿਵਾਸੀ ਹਾਂ। ਜਿਵੇਂ ਨਾਟਕ ਦੇ ਐਕਟਰਸ ਕਹਿਣਗੇ ਅਸੀਂ ਇੱਥੇ ਦੇ ਰਹਿਵਾਸੀ ਹਾਂ, ਕਪੜਾ ਬਦਲਕੇ ਸਟੇਜ ਤੇ ਆ ਜਾਣਗੇ। ਹੁਣ ਤੁਸੀਂ ਸਮਝਦੇ ਹੋ ਅਸੀਂ ਇੱਥੇ ਦੇ ਰਹਿਵਾਸੀ ਨਹੀਂ ਹਾਂ। ਇਹ ਇੱਕ ਨਾਟਕਸ਼ਾਲਾ ਹੈ। ਇਹ ਹੁਣ ਬੁੱਧੀ ਵਿਚ ਆਇਆ ਹੈ ਕਿ ਅਸੀਂ ਮੂਲਵਤਨ ਦੇ ਨਿਵਾਸੀ ਹਾਂ, ਜਿਸ ਨੂੰ ਸਵੀਟ ਸਾਈਲੈਂਸ ਹੋਮ ਕਿਹਾ ਜਾਂਦਾ ਹੈ। ਇਸ ਦੇ ਲਈ ਹੀ ਸਭ ਚਾਹੁੰਦੇ ਹਨ ਕਿਓਂਕਿ ਆਤਮਾ ਦੁੱਖੀ ਹੈ ਨਾ। ਤਾਂ ਕਹਿੰਦੇ ਹਨ ਅਸੀਂ ਕਿਵੇਂ ਵਾਪਿਸ ਘਰ ਜਾਈਏ। ਘਰ ਦਾ ਪਤਾ ਨਾ ਹੋਣ ਦੇ ਕਾਰਨ ਭਟਕਦੇ ਹਨ। ਹੁਣ ਤੁਸੀਂ ਭਟਕਣ ਤੋਂ ਛੁੱਟੇ। ਬੱਚਿਆਂ ਨੂੰ ਪਤਾ ਪੈ ਗਿਆ ਹੈ, ਹੁਣ ਤੁਹਾਨੂੰ ਸੱਚਮੁੱਚ ਘਰ ਜਾਣਾ ਹੈ। ਅਹਿਮ ਆਤਮਾ ਕਿੰਨੀ ਛੋਟੀ ਬਿੰਦੀ ਹੈ। ਇਹ ਵੀ ਵੰਡਰ ਹੈ ਜਿਸ ਨੂੰ ਕੁਦਰਤ ਕਿਹਾ ਜਾਂਦਾ ਹੈ। ਇੰਨੀ ਛੋਟੀ ਬਿੰਦੀ ਵਿੱਚ ਇੰਨਾ ਪਾਰ੍ਹ ਭਰਿਆ ਹੋਇਆ ਹੈ। ਪਰਮਪਿਤਾ ਪਰਮਾਤਮਾ ਕਿਵੇਂ ਪਾਰ੍ਹ ਵਜਾਉਂਦੇ ਹਨ, ਇਹ ਵੀ ਤੁਸੀਂ ਜਾਣ ਗਏ ਹੋ। ਸਭ ਤੋਂ ਮੁੱਖ ਪਾਰ੍ਰਧਾਰੀ ਉਹ ਹੈ, ਕਰਨਕਰਾਵਣਹਾਰ ਹੈ ਨਾ। ਤੁਸੀਂ ਮਿੱਠੇ - ਮਿੱਠੇ ਬੱਚਿਆਂ ਨੂੰ ਇਹ ਹੁਣ ਸਮਝ ਵਿੱਚ ਆਇਆ ਹੈ ਕਿ ਅਸੀਂ ਆਤਮਾਵਾਂ ਸ਼ਾਂਤੀਧਾਮ ਤੋਂ ਆਉਂਦੀਆਂ ਹਾਂ। ਆਤਮਾਵਾਂ ਕੋਈ ਨਵੀਂਆਂ ਥੋੜੀ ਨਿਕਲਦੀਆਂ ਹਨ, ਜੋ ਸ਼ਰੀਰ ਵਿੱਚ ਪ੍ਰਵੇਸ਼ ਕਰਦੀਆ ਹਨ। ਨਹੀਂ। ਆਤਮਾਵਾਂ ਸਾਰੀਆਂ ਸਵੀਟ ਹੋਮ ਵਿਚ ਰਹਿੰਦੀ ਹਨ। ਉੱਥੋਂ ਆਉਂਦੀਆਂ ਹਨ ਪਾਰ੍ਹ ਵਜਾਉਣ। ਸਾਰਿਆਂ ਨੇ ਪਾਰ੍ਹ ਵਜਾਉਣਾ ਹੈ। ਇਹ ਖੇਡ ਹੈ। ਇਹ ਸੂਰਜ, ਚੰਦ , ਸ੍ਾਰਸ ਆਦਿ ਕੀ ਹਨ! ਇਹ ਸਭ ਬੱਤੀਆਂ ਹਨ, ਜਿਸ ਵਿੱਚ ਰਾਤ ਅਤੇ ਦਿਨ ਦਾ ਖੇਡ ਚਲਦਾ ਹੈ। ਕਈ ਕਹਿੰਦੇ ਹਨ ਸੂਰਜ ਦੇਵਤਾਏ ਨਮ:, ਚੰਦਰਮਾ ਦੇਵਤਾਏ ਨਮ:...... ਪਰ ਅਸਲ ਵਿੱਚ ਇਹ ਕੋਈ ਦੇਵਤੇ ਹੈ ਨਹੀਂ। ਇਸ ਖੇਡ ਦਾ ਕਿਸੇ ਨੂੰ ਵੀ ਪਤਾ ਨਹੀਂ ਹੈ। ਸੂਰਜ ਚੰਦ ਨੂੰ ਵੀ ਦੇਵਤਾ ਕਹਿ ਦਿੰਦੇ ਹਨ। ਅਸਲ ਵਿੱਚ ਇਹ ਇਸ ਸਾਰੇ ਵਿਸ਼ਵ ਨਾਟਕ ਦੇ ਲਈ ਬੱਤੀਆਂ ਹਨ। ਅਸੀਂ ਰਹਿਵਾਸੀ ਹਾਂ ਸਵੀਟ ਸਾਈਲੈਂਸ ਹੋਮ ਦੇ ਇੱਥੇ ਅਸੀਂ ਪਾਰ੍ਹ ਵਜਾ ਰਹੇ ਹਾਂ, ਇਹ ਜੂੰ ਮਿਸਲ ਚੱਕਰ ਫਿਰਦਾ ਰਹਿੰਦਾ ਹੈ, ਜੋ ਕੁਝ ਹੁੰਦਾ ਹੈ ਡਰਾਮਾ ਵਿੱਚ ਨੂੰਧ ਹੈ। ਇਵੇਂ ਨਹੀਂ ਕਹਿਣਾ ਚਾਹੀਦਾ ਹੈ ਕਿ ਇਵੇਂ ਨਹੀਂ ਹੁੰਦਾ ਸੀ ਤਾਂ ਇਵੇਂ ਹੁੰਦਾ। ਇਹ ਤਾਂ ਡਰਾਮਾ ਹੈ ਨਾ। ਮਿਸਾਲ ਜਿਵੇਂ ਤੁਹਾਡੀ ਮਾਂ ਸੀ, ਖਿਆਲ ਵਿੱਚ ਤਾਂ ਨਹੀਂ ਸੀ ਨਾ ਕਿ ਚਲੀ ਜਾਏਗੀ। ਅੱਛਾ, ਸ਼ਰੀਰ ਛੱਡ ਦਿੱਤਾ - ਡਰਾਮਾ। ਹੁਣ ਆਪਣਾ ਨਵਾਂ ਪਾਰ੍ਹ ਵਜਾ ਰਹੀ ਹੈ। ਫਿਕਰ ਦੀ ਕੋਈ ਗੱਲ ਨਹੀਂ। ਇੱਥੇ ਤੁਸੀਂ ਸਭ ਬੱਚਿਆਂ ਦੀ ਬੁੱਧੀ ਵਿੱਚ ਹੈ ਅਸੀਂ ਐਕਟਰਸ ਹਾਂ, ਇਹ ਹਾਰ ਅਤੇ ਜਿੱਤ ਦੀ ਖੇਡ ਹੈ। ਇਹ ਹਾਰ - ਜਿੱਤ ਦਾ ਖੇਡ ਮਾਇਆ ਤੇ ਅਧਾਰਿਤ ਹੈ। ਮਾਇਆ ਦੇ ਹਾਰੇ ਹਾਰ ਹੈ ਅਤੇ ਮਾਇਆ ਤੋਂ ਜਿੱਤੇ ਜਿੱਤ। ਇਹ ਗਾਉਂਦੇ ਤਾਂ ਸਭ ਹਨ ਪਰ ਬੁੱਧੀ ਵਿੱਚ ਗਿਆਨ ਜ਼ਰਾ ਵੀ ਨਹੀਂ ਹੈ। ਤੁਸੀਂ ਜਾਣਦੇ ਹੋ ਮਾਇਆ ਕੀ ਚੀਜ਼ ਹੈ, ਇਹ ਤਾਂ ਰਾਵਣ ਹੈ, ਜਿਸ ਨੂੰ ਹੀ ਮਾਇਆ ਕਿਹਾ ਜਾਂਦਾ ਹੈ। ਧਨ ਨੂੰ ਸੰਪਤੀ ਕਿਹਾ ਜਾਂਦਾ। ਧਨ ਨੂੰ ਮਾਇਆ ਨਹੀਂ ਕਹਾਂਗੇ। ਮਨੁੱਖ ਸਮਝਦੇ ਹਨ ਇਨ੍ਹਾਂ ਦੇ ਕੋਲ ਬਹੁਤ ਧਨ ਹੈ। ਤਾਂ ਕਹਿ ਦਿੰਦੇ ਮਾਇਆ ਦਾ ਨਸ਼ਾ ਹੈ। ਪਰ ਮਾਇਆ ਦਾ ਨਸ਼ਾ ਹੁੰਦਾ ਹੈ ਕੀ! ਮਾਇਆ ਨੂੰ ਤਾਂ ਅਸੀਂ ਜਿੱਤਣ ਦੀ ਕੋਸ਼ਿਸ਼ ਕਰਦੇ ਹਾਂ। ਤਾਂ ਇਸ ਵਿੱਚ ਕੋਈ ਵੀ ਗੱਲ ਵਿੱਚ ਸੰਸ਼ੇ ਨਹੀਂ ਉੱਠਣਾ ਚਾਹੀਦਾ। ਕੱਚੀ ਅਵਸਥਾ ਹੋਣ ਦੇ ਕਾਰਨ ਹੀ ਸੰਸ਼ੇ ਉਠਦਾ ਹੈ। ਹੁਣ ਭਗਵਾਨੁਵਾਚ ਹੈ - ਕਿਸ ਦੇ ਪ੍ਰਤੀ? ਆਤਮਾਵਾਂ ਦੇ ਪ੍ਰਤੀ। ਰੱਬ ਤਾਂ

ਜਰੂਰ ਸ਼ਿਵ ਹੀ ਚਾਹੀਦਾ ਜੋ ਆਤਮਾਵਾਂ ਪ੍ਰਤੀ ਕਹੇ। ਕ੍ਰਿਸ਼ਨ ਤਾਂ ਦੇਹਧਾਰੀ ਹੈ। ਉਹ ਆਤਮਾਵਾਂ ਪ੍ਰਤੀ ਕਿਵੇਂ ਕਹਿਣਗੇ। ਤੁਹਾਨੂੰ ਕੋਈ ਦੇਹਧਾਰੀ ਗਿਆਨ ਨਹੀਂ ਸੁਣਾਉਂਦੇ ਹਨ। ਬਾਪ ਨੂੰ ਤਾਂ ਦੇਹ ਹੈ ਨਹੀਂ। ਹੋਰ ਤਾਂ ਸਭ ਨੂੰ ਦੇਹ ਹੈ, ਜਿਨ੍ਹਾਂ ਦੀ ਪੂਜਾ ਕਰਦੇ ਹਨ ਉਨ੍ਹਾਂ ਨੂੰ ਯਾਦ ਕਰਨਾ ਤਾਂ ਸਹਿਜ ਹੈ। ਬ੍ਰਹਮਾ, ਵਿਸ਼ਨੂੰ, ਸ਼ੰਕਰ ਨੂੰ ਕਹਿਣਗੇ ਦੇਵਤਾ। ਸ਼ਿਵ ਨੂੰ ਰੱਬ ਕਹਿੰਦੇ ਹਨ। ਉੱਚ ਤੇ ਉੱਚ ਭਗਵਾਨ, ਉਨ੍ਹਾਂ ਦੀ ਦੇਹ ਹੈ ਨਹੀਂ। ਇਹ ਵੀ ਤੁਸੀਂ ਜਾਣਦੇ ਹੋ ਜੱਦ ਮੂਲਵਤਨ ਵਿੱਚ ਆਤਮਾਵਾਂ ਸੀ ਤਾਂ ਤੁਹਾਨੂੰ ਦੇਹ ਸੀ? ਨਹੀਂ। ਤੁਸੀਂ ਆਤਮਾਵਾਂ ਸੀ। ਇਹ ਬਾਬਾ ਵੀ ਆਤਮਾ ਹੈ। ਸਿਰਫ ਉਹ ਪਰਮ ਹੈ, ਇਨ੍ਹਾਂ ਦਾ ਪਾਰ੍ਹ ਗਾਇਆ ਹੋਇਆ ਹੈ। ਪਾਰ੍ਹ ਵਜਾ ਕੇ ਗਏ ਹਨ, ਤੱਦ ਹੀ ਪੂਜਾ ਹੁੰਦੀ ਹੈ। ਪਰ ਇੱਕ ਵੀ ਮਨੁੱਖ ਨਹੀਂ ਜਿਸ ਨੂੰ ਇਹ ਮਾਲੂਮ ਹੋਵੇ - 5 ਹਜ਼ਾਰ ਵਰ੍ਹੇ ਪਹਿਲੇ ਵੀ ਪਰਮਪਿਤਾ ਪਰਮਾਤਮਾ ਰਚਤਾ ਆਇਆ ਸੀ, ਉਹ ਹੈ ਹੀ ਹੈਵਨਲੀ ਗਾਡ ਫਾਦਰ। ਹਰ 5 ਹਜ਼ਾਰ ਵਰ੍ਹੇ ਬਾਦ ਕਲਪ ਦੇ ਸੰਗਮ ਤੇ ਉਹ ਆਉਂਦੇ ਹਨ, ਪਰ ਕਲਪ ਦੀ ਉਮਰ ਲੰਬੀ - ਚੌੜੀ ਕਰ ਦੇਣ ਨਾਲ ਸਭ ਭੁੱਲ ਗਏ ਹਨ। ਤੁਸੀਂ ਬੱਚਿਆਂ ਨੂੰ ਬਾਪ ਬੈਠ ਸਮਝਾਉਂਦੇ ਹਨ, ਤੁਸੀਂ ਖੁਦ ਕਹਿੰਦੇ ਹੋ ਬਾਬਾ ਅਸੀਂ ਤੁਹਾਨੂੰ ਕਲਪ - ਕਲਪ ਮਿਲਦੇ ਹਾਂ ਅਤੇ ਆਪ ਤੋਂ ਵਰਸਾ ਲੈਂਦੇ ਹਾਂ, ਫਿਰ ਕਿਵੇਂ ਗਵਾਉਂਦੇ ਹਨ - ਇਹ ਬੁੱਧੀ ਵਿੱਚ ਹੈ। ਗਿਆਨ ਤਾਂ ਕਈ ਪ੍ਰਕਾਰ ਦੇ ਹਨ ਪਰ ਗਿਆਨ ਦਾ ਸਾਗਰ ਰੱਬ ਨੂੰ ਹੀ ਕਿਹਾ ਜਾਂਦਾ ਹੈ। ਹੁਣ ਇਹ ਵੀ ਸਭ ਸਮਝਦੇ ਹਨ - ਵਿਨਾਸ਼ ਹੋਵੇਗਾ ਜਰੂਰ। ਅੱਗੇ ਵੀ ਵਿਨਾਸ਼ ਹੋਇਆ ਸੀ। ਕਿਵੇਂ ਹੋਇਆ ਸੀ - ਇਹ ਕਿਸੇ ਨੂੰ ਵੀ ਪਤਾ ਨਹੀਂ ਹੈ। ਸ਼ਾਸਤਰਾਂ ਵਿੱਚ ਤਾਂ ਵਿਨਾਸ਼ ਦੇ ਬਾਰੇ ਵਿੱਚ ਕੀ - ਕੀ ਲਿਖ ਦਿੱਤਾ ਹੈ। ਪਾਂਡਵਾਂ ਅਤੇ ਕੌਰਵਾਂ ਦੀ ਯੁੱਧ ਕਿਵੇਂ ਹੋ ਸਕਦੀ ਹੈ।

ਹੁਣ ਤੁਸੀਂ ਬ੍ਰਾਹਮਣ ਹੋ ਸੰਗਮਯੁਗ ਤੇ। ਬ੍ਰਾਹਮਣਾਂ ਦੀ ਤਾਂ ਕੋਈ ਲੜਾਈ ਹੈ ਨਹੀਂ। ਬਾਪ ਕਹਿੰਦੇ ਹਨ ਤੁਸੀਂ ਸਾਡੇ ਬੱਚੇ ਹੋ ਨਾਨਵਾਇਲੈਂਸ, ਡਬਲ ਅਹਿੰਸਕ। ਹੁਣ ਤੁਸੀਂ ਨਿਰਵਿਕਾਰੀ ਬਣ ਰਹੇ ਹੋ। ਤੁਸੀਂ ਬਾਪ ਤੋਂ ਕਲਪ - ਕਲਪ ਵਰਸਾ ਲੈਂਦੇ ਹੋ। ਇਸ ਵਿੱਚ ਕੁਝ ਵੀ ਤਕਲੀਫ ਦੀ ਗੱਲ ਨਹੀਂ। ਨਾਲੇਜ ਬੜੀ ਸਹਿਜ ਹੈ। 84 ਜਨਮਾਂ ਦਾ ਚੱਕਰ ਤੁਹਾਡੀ ਬੁੱਧੀ ਵਿੱਚ ਹੈ। ਹੁਣ ਨਾਟਕ ਪੂਰਾ ਹੁੰਦਾ ਹੈ, ਬਾਕੀ ਥੋੜਾ ਟਾਈਮ ਹੈ। ਤੁਸੀਂ ਜਾਣਦੇ ਹੋ - ਹੁਣ ਅਜਿਹਾ ਸਮੇਂ ਆਉਣ ਵਾਲਾ ਹੈ ਜੋ ਸ਼ਾਹੂਕਾਰਾਂ ਨੂੰ ਵੀ ਅਨਾਜ ਨਹੀਂ ਮਿਲੇਗਾ, ਪਾਣੀ ਨਹੀਂ ਮਿਲੇਗਾ। ਇਸ ਨੂੰ ਕਿਹਾ ਜਾਂਦਾ ਹੈ ਦੁੱਖ ਦੇ ਪਹਾੜ, ਖੂਨੇ ਨਾਹਕ ਖੇਲ੍ਹ ਹੈ ਨਾ। ਇੰਨੇ ਸਭ ਖ਼ਤਮ ਹੋ ਜਾਣਗੇ। ਕੋਈ ਭੁੱਲ ਕਰਦੇ ਹਨ ਤਾਂ ਉਸਨੂੰ ਸਜਾ ਮਿਲਦੀ ਹੈ, ਇਨ੍ਹਾਂ ਨੇ ਕੀ ਭੁੱਲ ਕੀਤੀ ਹੈ? ਸਿਰਫ ਇੱਕ ਹੀ ਭੁੱਲ ਕੀਤੀ ਹੈ, ਜੋ ਬਾਪ ਨੂੰ ਭੁੱਲੇ ਹਨ। ਤੁਸੀਂ ਤਾਂ ਬਾਪ ਤੋਂ ਰਜਾਈ ਲੈ ਰਹੇ ਹੋ। ਬਾਕੀ ਮਨੁੱਖ ਤਾਂ ਸਮਝਦੇ ਹਨ ਮਰੇ ਕਿ ਮਰੇ। ਮਹਾਭਾਰਤ ਦੀ ਥੋੜ੍ਹੀ ਵੀ ਲੜਾਈ ਸ਼ੁਰੂ ਹੋਈ ਤਾਂ ਮਰ ਜਾਣਗੇ। ਤੁਸੀਂ ਤਾਂ ਜਿੱਤੇ ਹੋ ਨਾ। ਤੁਸੀਂ ਟਰਾਂਸਫਰ ਹੋਕੇ ਅਮਰਲੋਕ ਵਿੱਚ ਜਾਂਦੇ ਹੋ, ਇਸ ਪੜ੍ਹਾਈ ਦੀ ਤਾਕਤ ਨਾਲ। ਪੜ੍ਹਾਈ ਨੂੰ ਸੋਰਸ ਆਫ਼ ਇਨਕਮ ਕਿਹਾ ਜਾਂਦਾ ਹੈ। ਸ਼ਾਸਤਰਾਂ ਦੀ ਵੀ ਪੜ੍ਹਾਈ ਹੈ, ਉਸ ਨਾਲ ਵੀ ਇਨਕਮ ਹੁੰਦੀ ਹੈ, ਪਰ ਉਹ ਪੜ੍ਹਾਈ ਹੈ ਭਗਤੀ ਦੀ। ਹੁਣ ਬਾਪ ਕਹਿੰਦੇ ਹਨ ਮੈਂ ਤੁਹਾਨੂੰ ਇਨ੍ਹਾਂ ਲਕਸ਼ਮੀ - ਨਾਰਾਇਣ ਜਿਹਾ ਬਣਾਉਂਦਾ ਹਾਂ। ਤੁਸੀਂ ਹੁਣ ਸਵੱਛ ਬੁੱਧੀ ਬਣਦੇ ਹੋ। ਤੁਸੀਂ ਜਾਣਦੇ ਹੋ ਅਸੀਂ ਉੱਚ ਤੇ ਉੱਚ ਬਣਦੇ ਹਾਂ, ਫਿਰ ਪੁਨਰਜਨਮ ਲੈਂਦੇ - ਲੈਂਦੇ ਥੱਲੇ ਉਤਰਦੇ ਹਾਂ। ਨਵੇਂ ਤੋਂ ਪੁਰਾਣਾ ਹੁੰਦਾ ਹੈ। ਪੌੜ੍ਹੀ ਜਰੂਰ ਉਤਰਨੀ ਪਵੇ ਨਾ। ਹੁਣ ਸ੍ਰਿਸ਼ਟੀ ਦੀ ਵੀ ਉਤਰਦੀ ਕਲਾ ਹੈ। ਚੜ੍ਹਦੀ ਕਲਾ ਸੀ ਤਾਂ ਇਨ੍ਹਾਂ ਦੇਵਤਾਵਾਂ ਦਾ ਰਾਜ ਸੀ, ਸ੍ਵਰਗ ਸੀ। ਹੁਣ ਨਰਕ ਹੈ। ਹੁਣ ਤੁਸੀਂ ਫਿਰ ਤੋਂ ਪੁਰਸ਼ਾਰਥ ਕਰ ਰਹੇ ਹੋ - ਸਵਰਗਵਾਸੀ ਬਣਨ ਦੇ ਲਈ। ਬਾਬਾ - ਬਾਬਾ ਕਰਦੇ ਰਹਿੰਦੇ ਹੋ।

ਓ ਗਾਡ ਫਾਦਰ ਕਹਿ ਪੁਕਾਰਦੇ ਹਨ ਪਰ ਇਹ ਥੋੜੀ ਸਮਝਦੇ ਕਿ ਉਹ ਆਤਮਾਵਾਂ ਦਾ ਬਾਪ ਉੱਚ ਤੇ ਉੱਚ ਹੈ, ਅਸੀਂ ਉਨ੍ਹਾਂ ਦੇ ਬੱਚੇ ਫਿਰ ਦੁੱਖੀ ਕਿਓਂ? ਹੁਣ ਤੁਸੀਂ ਸਮਝਦੇ ਹੋ ਦੁਖੀ ਵੀ ਹੋਣਾ ਹੀ ਹੈ। ਇਹ ਸੁੱਖ ਅਤੇ ਦੁੱਖ ਦਾ ਖੇਡ ਹੈ ਨਾ। ਜਿੱਤ ਵਿੱਚ ਸੁੱਖ ਹੈ, ਹਾਰ ਵਿੱਚ ਦੁੱਖ ਹੈ। ਬਾਪ ਨੇ ਰਾਜ ਦਿੱਤਾ, ਰਾਵਣ ਨੇ ਖੋਹ ਲਿਆ। ਹੁਣ ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਹੈ - ਬਾਪ ਤੋਂ ਤੁਹਾਨੂੰ ਸ੍ਵਰਗ ਦਾ ਵਰਸਾ ਮਿਲਦਾ ਰਹਿੰਦਾ ਹੈ। ਬਾਪ ਆਇਆ ਹੋਇਆ ਹੈ, ਹੁਣ ਸਿਰਫ ਬਾਪ ਨੂੰ ਯਾਦ ਕਰਨਾ ਹੈ ਤਾਂ ਪਾਪ ਕੱਟ ਜਾਣ। ਜਨਮ - ਜਨਮਾਂਤ੍ਰ ਦਾ ਸਿਰ ਤੇ ਬੋਝ ਹੈ ਨਾ। ਇਹ ਵੀ ਤੁਸੀਂ ਜਾਣਦੇ ਹੋ, ਤੁਸੀਂ ਕੋਈ ਬਹੁਤ ਦੁਖੀ ਨਹੀਂ ਹੁੰਦੇ ਹੋ। ਕੁਝ ਸੁੱਖ ਵੀ ਹੈ - ਆਟੇ ਵਿੱਚ ਨਮਕ। ਜਿਸ ਨੂੰ ਕਾਗ ਵਿਸ਼ਟਾ ਸਮਾਨ ਸੁਖ ਕਿਹਾ ਜਾਂਦਾ ਹੈ। ਤੁਸੀਂ ਜਾਣਦੇ ਹੋ ਸਰਵ ਦਾ ਸਦਗਤੀ ਦਾਤਾ ਇੱਕ ਹੀ ਬਾਪ ਹੈ। ਜਗਤ ਦਾ ਗੁਰੂ ਵੀ ਇੱਕ ਠਹਿਰਿਆ। ਵਾਨਪ੍ਰਸਥ ਵਿੱਚ ਗੁਰੂ ਕੀਤਾ ਜਾਂਦਾ ਹੈ। ਹੁਣ ਤਾਂ ਛੋਟੇ ਨੂੰ ਵੀ ਗੁਰੂ ਕਰਵਾ ਦਿੰਦੇ ਹਨ ਕਿ ਹੁਣ ਮਰ ਜਾਏ ਤਾਂ ਸਦਗਤੀ ਨੂੰ ਪਾਉਣਗੇ। ਬਾਪ ਕਹਿੰਦੇ ਹਨ ਅਸਲ ਵਿੱਚ ਕਿਸੇ ਨੂੰ ਵੀ ਗੁਰੂ ਨਹੀਂ ਕਹਿ ਸਕਦੇ। ਗੁਰੂ ਉਹ ਜੋ ਸਦਗਤੀ ਦੇਵੇ। ਸਦਗਤੀ ਦਾਤਾ ਤਾਂ ਇੱਕ ਹੀ ਹੈ। ਬਾਕੀ ਕ੍ਰਾਇਸਟ, ਬੁੱਧ ਆਦਿ ਕੋਈ ਵੀ ਗੁਰੂ ਨਹੀਂ। ਉਹ ਆਉਂਦੇ ਹਨ ਤਾਂ ਸਭ ਨੂੰ ਸਦਗਤੀ ਮਿਲਦੀ ਹੈ ਕੀ! ਕ੍ਰਾਇਸਟ ਆਇਆ, ਉਨ੍ਹਾਂ ਦੇ ਪਿੱਛੇ ਸਭ ਆਉਣ ਲੱਗੇ। ਜੋ ਵੀ ਉਸ ਧਰਮ ਦੇ ਸੀ। ਫਿਰ ਉਨ੍ਹਾਂ ਨੂੰ ਗੁਰੂ ਕਿਵੇਂ ਕਹਾਂਗੇ, ਜਦ ਕਿ ਲੈ ਆਉਣ ਲਈ ਨਿਮਿਤ ਬਣੇ ਹਨ। ਪਤਿਤ - ਪਾਵਨ ਇੱਕ ਹੀ ਬਾਪ ਨੂੰ ਕਹਿੰਦੇ ਹਨ, ਉਹ ਸਭ ਨੂੰ ਵਾਪਿਸ ਲੈ ਜਾਣ ਵਾਲਾ ਹੈ। ਸਥਾਪਨਾ ਵੀ ਕਰਦੇ ਹਨ, ਸਿਰਫ ਸਭ ਨੂੰ ਲੈ ਜਾਣ ਤਾਂ ਪ੍ਰਲਯ ਹੋ ਜਾਏ। ਪ੍ਰਲਯ ਤਾਂ ਹੁੰਦੀ ਨਹੀਂ। ਸਰਵ ਸ਼ਾਸ੍ਤ੍ਰਮਈ ਸ਼ਿਰੋਮਣੀ ਸ਼੍ਰੀਮਦ ਭਗਵਤ ਗੀਤਾ ਗਾਈ ਹੋਈ ਹੈ। ਗਾਇਨ ਹੈ - ਯਦਾ ਯਦਾਹਿ.......। ਭਾਰਤ ਵਿੱਚ ਹੀ ਬਾਪ ਆਉਂਦੇ ਹਨ। ਸ੍ਵਰਗ ਦੀ ਬਾਦਸ਼ਾਹੀ ਦੇਣ ਵਾਲਾ ਬਾਪ ਹੈ ਉਨ੍ਹਾਂ ਨੂੰ ਵੀ ਸਰਵਵਿਆਪੀ ਕਹਿ ਦਿੰਦੇ ਹਨ। ਹੁਣ ਤੁਸੀਂ ਬੱਚਿਆਂ ਨੂੰ ਖੁਸ਼ੀ ਹੈ ਕਿ ਨਵੀਂ ਦੁਨੀਆਂ ਵਿਚ ਸਾਰੇ ਵਿਸ਼ਵ ਤੇ ਇੱਕ ਸਾਡਾ ਹੀ ਰਾਜ ਹੋਵੇਗਾ। ਉਸ ਰਾਜ ਨੂੰ ਕੋਈ ਖੋਹ ਨਹੀਂ ਸਕਦਾ। ਇੱਥੇ ਤਾਂ ਟੁਕੜੇ - ਟੁਕੜੇ ਲਈ ਆਪਸ ਵਿਚ ਕਿੰਨਾ ਲੜਦੇ ਰਹਿੰਦੇ ਹਨ। ਤੁਹਾਨੂੰ ਤਾਂ ਮਜ਼ਾ ਹੈ। ਖੁੱਗੀਆਂ ਮਾਰਨੀਆਂ ਹਨ। ਕਲਪ - ਕਲਪ ਬਾਬਾ ਤੋਂ ਅਸੀਂ ਵਰਸਾ ਲੈਂਦੇ ਹਾਂ ਤਾਂ ਕਿੰਨੀ ਖੁਸ਼ੀ ਹੋਣੀ ਚਾਹੀਦੀ ਹੈ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ ਫਿਰ ਵੀ ਭੁੱਲ ਜਾਂਦੇ ਹਨ। ਕਹਿੰਦੇ ਹਨ - ਬਾਬਾ ਯੋਗ ਟੁੱਟ ਜਾਂਦਾ ਹੈ। ਬਾਬਾ ਨੇ ਕਿਹਾ ਹੈ ਯੋਗ ਅੱਖਰ ਕੱਢ ਦੋ। ਉਹ ਤਾਂ ਸ਼ਾਸਤਰਾਂ ਦਾ ਅੱਖਰ ਹੈ। ਬਾਪ ਕਹਿੰਦੇ ਹਨ - ਮੈਨੂੰ ਯਾਦ ਕਰੋ। ਯੋਗ ਭਗਤੀ ਮਾਰਗ ਦਾ ਅੱਖਰ ਹੈ। ਬਾਪ ਤੋਂ

ਬਾਦਸ਼ਾਹੀ ਮਿਲਦੀ ਹੈ ਸ੍ਵਰਗ ਦੀ, ਉਨ੍ਹਾਂ ਨੂੰ ਤੁਸੀਂ ਯਾਦ ਨਹੀਂ ਕਰੋਗੇ ਤਾਂ ਵਿਕਰਮ ਵਿਨਾਸ਼ ਕਿਵੇਂ ਹੋਣਗੇ। ਰਜਾਈ ਕਿਵੇਂ ਮਿਲੇਗੀ। ਯਾਦ ਨਹੀਂ ਕਰੋਗੇ ਤਾਂ ਪਦ ਵੀ ਘੱਟ ਹੋ ਜਾਏਗਾ, ਸਜ਼ਾ ਵੀ ਖਾਣਗੇ। ਇਹ ਵੀ ਅਕਲ ਨਹੀਂ ਹੈ। ਇੰਨੇ ਬੇਸਮਝ ਬਣ ਪਏ ਹਨ। ਮੈਂ ਕਲਪ - ਕਲਪ ਤੁਹਾਨੂੰ ਕਹਿੰਦਾ ਹਾਂ - ਮਾਮੇਕਮ ਯਾਦ ਕਰੋ। ਜਿੰਦੇ ਜੀ ਇਸ ਦੁਨੀਆਂ ਤੋਂ ਮਰ ਜਾਓ। ਬਾਪ ਦੀ ਯਾਦ ਨਾਲ ਤੁਹਾਡੇ ਵਿਕਰਮ ਵਿਨਾਸ਼ ਹੋਣਗੇ ਅਤੇ ਤੁਸੀਂ ਵਿਜੈ ਮਾਲਾ ਦਾ ਦਾਨਾ ਬਣ ਜਾਓਗੇ। ਕਿੰਨਾ ਸਹਿਜ ਹੈ। ਉੱਚ ਤੇ ਉੱਚ ਸ਼ਿਵਬਾਬਾ ਅਤੇ ਬ੍ਰਹਮਾ ਦੋਨੋ ਹਾਇਐਸਟ ਹਨ। ਉਹ ਪਾਰਲੌਕਿਕ ਅਤੇ ਇਹ ਆਲੌਕਿਕ। ਬਿਲਕੁਲ ਸਾਧਾਰਨ ਟੀਚਰ ਹੈ। ਉਹ ਟੀਚਰਸ ਫਿਰ ਵੀ ਸਜ਼ਾ ਦਿੰਦੇ ਹਨ। ਇਹ ਤਾਂ ਪੁਚਕਾਰ ਦਿੰਦੇ ਰਹਿੰਦੇ ਹਨ। ਕਹਿੰਦੇ ਹਨ - ਮਿੱਠੇ ਬੱਚੇ, ਬਾਪ ਨੂੰ ਯਾਦ ਕਰੋ, ਸਤੋਪ੍ਰਧਾਨ ਬਣਨਾ ਹੈ। ਪਤਿਤ - ਪਾਵਨ ਇੱਕ ਹੀ ਬਾਪ ਹੈ। ਗੁਰੂ ਵੀ ਉਹ ਹੀ ਠਹਿਰਿਆ ਹੋਰ ਗੁਰੂ ਹੋ ਨਾ ਸਕੇ। ਕਹਿੰਦੇ ਹਨ ਬੁੱਧ ਪਾਰ ਨਿਰਵਾਣ ਗਿਆ - ਇਹ ਸਭ ਗਪੌੜਾ ਹੈ। ਇੱਕ ਵੀ ਵਾਪਿਸ ਜਾ ਨਾ ਸਕੇ। ਸਭ ਦਾ ਡਰਾਮਾ ਵਿੱਚ ਪਾਰ੍ਟ ਹੈ। ਕਿੰਨੀ ਵਿਸ਼ਾਲ ਬੁੱਧੀ ਅਤੇ ਖੁਸ਼ੀ ਰਹਿਣੀ ਚਾਹੀਦੀ ਹੈ। ਉੱਪਰ ਤੋਂ ਲੈਕੇ ਸਾਰਾ ਗਿਆਨ ਉਠਾਉਂਦੇ ਹਨ। ਨਾ ਸ਼ੂਦਰਾਂ ਵਿਚ, ਨਾ ਦੇਵਤਾਵਾਂ ਵਿਚ ਇਹ ਗਿਆਨ ਹੈ। ਹੁਣ ਸਮਝਣ ਵਾਲਾ ਸਮਝੇ। ਜੋ ਨਾ ਸਮਝੇ ਉਨ੍ਹਾਂ ਦਾ ਮੌਤ ਹੈ। ਪਦ ਵੀ ਘੱਟ ਹੋ ਜਾਏਗਾ। ਸਕੂਲ ਵਿੱਚ ਵੀ ਨਹੀਂ ਪੜ੍ਹਦੇ ਹਨ ਤਾਂ ਪਦ ਘੱਟ ਹੋ ਜਾਂਦਾ ਹੈ। ਅਲਫ਼ ਬਾਬਾ, ਬੇ ਬਾਦਸ਼ਾਹੀ। ਅਸੀਂ ਫਿਰ ਤੋਂ ਆਪਣੀ ਰਾਜਧਾਨੀ ਵਿਚ ਜਾ ਰਹੇ ਹਾਂ। ਇਹ ਪੁਰਾਣੀ ਦੁਨੀਆਂ ਖਤਮ ਹੋ ਜਾਏਗੀ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਸਾਨੂੰ ਇਵੇਂ ਵਿਸ਼ਵ ਦੀ ਰਜਾਈ ਦਿੰਦੇ ਹਨ ਜਿਸ ਨੂੰ ਕੋਈ ਵੀ ਖੋਹ ਨਹੀਂ ਸਕਦਾ - ਇਸ ਖੁਸ਼ੀ ਵਿਚ ਖੱਗੀਆਂ ਮਾਰਨੀਆਂ ਹਨ।

2. ਵਿਜੈ ਮਾਲਾ ਦਾ ਦਾਨਾ ਬਣਨ ਦੇ ਲਈ ਜਿਉਂਦੇ ਜੀ ਇਸ ਪੁਰਾਣੀ ਦੁਨੀਆਂ ਤੋਂ ਮਰਨਾ ਹੈ। ਬਾਪ ਦੀ ਯਾਦ ਨਾਲ ਵਿਕਰਮ ਵਿਨਾਸ਼ ਕਰਨੇ ਹਨ।

ਵਰਦਾਨ:- ਆਪਣੀ ਪਾਵਰਫੁਲ ਸਟੇਜ ਦ੍ਵਾਰਾ ਸਰਵ ਦੀਆਂ ਸ਼ੁਭ ਕਾਮਨਾਵਾਂ ਨੂੰ ਪੂਰਨ ਕਰਨ ਵਾਲੇ ਮਹਾਦਾਨੀ ਭਵ।

ਪਿੱਛੇ ਆਉਣ ਵਾਲੀਆਂ ਆਤਮਾਵਾਂ ਥੋੜੇ ਵਿਚ ਹੀ ਰਾਜ਼ੀ ਹੋਣਗੀਆਂ, ਕਿਉਂਕਿ ਉਨ੍ਹਾਂ ਦਾ ਪਾਰਟ ਹੀ ਕਨਾ - ਦਾਨਾ ਲੈਣ ਦਾ ਹੈ। ਤਾਂ ਅਜਿਹੀਆਂ ਆਤਮਾਵਾਂ ਨੂੰ ਉਨ੍ਹਾਂ ਦੀਆਂ ਭਾਵਨਾਵਾਂ ਦਾ ਫਲ ਪ੍ਰਾਪਤ ਹੋਵੇ, ਕੋਈ ਵੀ ਵੰਚਿਤ ਨਾ ਰਹੇ, ਇਸ ਦੇ ਲਈ ਹੁਣ ਤੋਂ ਹੀ ਆਪਣੇ ਵਿਚ ਸਰਵ ਸ਼ਕਤੀਆਂ ਜਮਾ ਕਰੋ। ਜਦੋਂ ਤੁਸੀਂ ਆਪਣੀ ਸੰਪੂਰਨ ਪਾਵਰਫੁਲ, ਮਹਾਦਾਨੀ ਸਟੇਜ ਤੇ ਸਥਿਤ ਹੋਵੋਗੇ ਤਾਂ ਕਿਸੇ ਵੀ ਆਤਮਾ ਨੂੰ ਆਪਣੇ ਸਹਿਯੋਗ ਨਾਲ, ਮਹਾਦਾਨ ਦੇਣ ਦੇ ਕ੍ਰਤਵਿਆ ਦੇ ਆਧਾਰ ਨਾਲ, ਸ਼ੁਭ ਭਾਵਨਾ ਦਾ ਸਵਿੱਚ ਆਨ ਕਰਦੇ ਹੀ ਨਜਰ ਨਾਲ ਨਿਹਾਲ ਕਰ ਦੇਣਗੇ।

ਸਲੋਗਨ:- ਸਦਾ ਇਸ਼ਵਰੀਏ ਮਰਿਆਦਾਵਾਂ ਤੇ ਚਲਦੇ ਰਹੋ ਤਾਂ ਮਰਿਯਾਦਾ ਪੁਰਸ਼ੋਤਮ ਬਣ ਜਾਵੋਗੇ।

******

ਅਵਿਅਕਤ ਇਸ਼ਾਰੇ:- ਆਤਮਿਕ ਸਥਿਤੀ ਵਿਚ ਰਹਿਣ ਦਾ ਅਭਿਆਸ ਕਰੋ, ਅੰਤਰਮੁੱਖੀ ਬਣੋ।

ਜਦੋਂ ਸੇਵਾ ਦੀ ਸਟੇਜ ਤੇ ਜਾਂਦੇ ਹੋ ਤਾਂ ਇਹ ਅਨੁਭਵ ਹੋਣਾ ਚਾਹੀਦਾ ਕਿ ਇਹ ਆਤਮਾਵਾਂ ਬਹੁਤ ਸਮੇਂ ਦੇ ਅੰਤਰਮੁਖਤਾ ਦੀ, ਰੂਹਾਨੀਅਤ ਦੀ ਗੁਫ਼ਾ ਤੋਂ ਨਿਕਲ ਕੇ ਸੇਵਾ ਦੇ ਲਈ ਆਈਆਂ ਹਨ। ਤਪੱਸਵੀ ਰੂਪ ਵਿਖਾਈ ਦੇਵੇ। ਬੇਹੱਦ ਦੇ ਵੈਰਾਗ ਦੀਆਂ ਰੇਖਾਵਾਂ ਸੂਰਤ ਤੋਂ ਵਿਖਾਈ ਦੇਣ। ਬੇਹੱਦ ਦੇ ਰੂਹਾਬ ਦੀਆਂ ਰੇਖਾਵਾਂ ਸੂਰਤ ਤੋਂ ਵਿਖਾਈ ਦੇਣ। ਜਿਤਨਾ ਅਤੀ ਰੂਹਾਬ ਉਤਨਾ ਹੀ ਅਤੀ ਰਹਿਮ। ਅਜਿਹੀ ਸਰਵਿਸ ਦਾ ਹੁਣ ਸਮੇਂ ਹੈ।